# ਕੀਟਨਾਸ਼ਕ ਸੁਰੱਖਿਆ ਜਾਣਕਾਰੀ

ਕੈਲੀਫ਼ੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

**A No. 4**

## ਮੁੱਢਲੀ ਡਾਕਟਰੀ ਸਹਾਇਤਾ—ਕਿਸੇ ਫੌਰੀ ਜ਼ਰੂਰਤ ਲਈ ਮੈਂ ਕਿਸ ਤਰ੍ਹਾਂ ਤਿਆਰ ਰਹਾਂ ?

**ਕਿਸੇ ਐਮਰਜੈਂਸੀ ਜਾਂ ਫੌਰੀ ਜ਼ਰੂਰਤਾਂ ਦੀ ਸਥਿੱਤੀ ਲਈ, ਤੁਹਾਡੇ ਮਾਲਿਕ ਨੂੰ ਆਪਣੇ ਵਰਕਰਾਂ, ਜੋ ਕੀਟਨਾਸ਼ਕਾਂ ਦਾ ਇਸਤੇਮਾਲ ਕਰਦੇ ਹਨ ਜਾਂ ਉਨ੍ਹਾਂ ਖੇਤਾਂ ਵਿੱਚ ਜਾਂਦੇ ਹਨ, ਜਿਥੇ ਕੀਟਨਾਸ਼ਕ ਇਸਤੇਮਾਲ ਕੀਤਾ ਗਿਆ ਹੋਵੇ, ਕੋਈ ਐਮਰਜੈਂਸੀ ਹੋਣ ਤੇ ਫੌਰੀ ਸਹਾਇਤਾ ਲਈ ਪਹਿਲਾਂ ਤੋਂ ਡਾਕਟਰੀ ਦੇਖਭਾਲ ਦਾ ਇੰਤਜ਼ਾਮ ਕਰ ਕੇ ਰੱਖਣਾ ਚਾਹੀਦਾ ਹੈ।** ਤੁਹਾਨੂੰ ਉਸ ਕਲੀਨਿਕ ਜਾਂ ਹਸਪਤਾਲ ਦਾ ਨਾਂ ਪਤਾ ਹੋਣਾ ਚਾਹੀਦਾ ਹੈ ਅਤੇ ਇਹ ਪਤਾ ਹੋਣਾ ਚਾਹੀਦਾ ਹੈ, ਕਿ ਇਹ ਕਿੱਥੇ ਹੈ। ਜੇ ਤੁਹਾਨੂੰ ਪਤਾ ਨਹੀਂ, ਤਾਂ ਕੋਈ ਐਮਰਜੈਂਸੀ ਹੋਣ ਤੋਂ ਪਹਿਲਾਂ ਹੀ ਆਪਣੇ ਮਾਲਿਕ ਨੂੰ ਪੁੱਛੋ। ਜ਼ਖ਼ਮੀ ਜਾਂ ਬੀਮਾਰ ਵਿਅਕਤੀਆਂ ਨੂੰ ਕਦੀ ਵੀ ਡਾਕਟਰ ਕੋਲ ਜਾਣ ਲਈ ਆਪ ਡਰਾਈਵ ਨਾ ਕਰਨ ਦਿਉ। ਉਨ੍ਹਾਂ ਦਾ ਸੜਕ ਤੇ ਹਾਦਸਾ ਵੀ ਹੋ ਸਕਦਾ ਹੈ।




### ਜੇ ਕੀਟਨਾਸ਼ਕਾਂ ਦਾ ਇਸਤੇਮਾਲ ਕਰਦਿਆਂ ਜਾਂ ਖੇਤ ਵਿੱਚ ਕੰਮ ਕਰਦਿਆਂ ਕੋਈ ਬੇਹੋਸ਼ ਹੋ ਜਾਏ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ ?

- ਆਪਣੇ ਆਪ ਨੂੰ ਕਿਸੇ ਨੁਕਸਾਨ ਤੋਂ ਬਚਾ ਕੇ, ਅਗਰ ਹੋ ਸਕੇ ਤਾਂ ਤੁਸੀਂ ਉਸ ਵਿਅਕਤੀ ਨੂੰ ਕੀਟਨਾਸ਼ਕਾਂ ਤੋਂ ਦੂਰ ਲੈ ਜਾਉ। ਯਾਦ ਰੱਖੋ ਕਿ ਬੀਮਾਰ ਵਿਅਕਤੀ ਤੇ ਕੀਟਨਾਸ਼ਕ ਪਏ ਹੋ ਸਕਦੇ ਹਨ, ਜੋ ਤੁਹਾਡੇ ਤੇ ਵੀ ਪੈ ਸਕਦੇ ਹਨ।
- **ਫੌਰਨ** ਸਹਾਇਤਾ ਮੰਗੋ ਜੇ ਤੁਹਾਡੇ ਕੋਲ ਫੋਨ ਹੈ, ਤਾਂ 911 ਤੇ ਕਾਲ ਕਰੋ।
- ਕੀਟਨਾਸ਼ਕਾਂ ਨੂੰ ਵਿਅਕਤੀ ਦੇ ਸਰੀਰ ਅੰਦਰ ਜਾਣ ਤੋਂ ਰੋਕਣ ਦੀ ਕੋਸ਼ਿਸ਼ ਕਰੋ। ਇਸ ਇਸ਼ਤਿਹਾਰ ਵਿੱਚ ਅਗੇ ਚਲ ਕੇ ਵੇਖ ਸਕਦੇ ਹੋ, ਕਿ ਤੁਸੀਂ ਇਹ ਕਿਸ ਤਰ੍ਹਾਂ ਕਰਨਾ ਹੈ।
- ਜੇ ਵਿਅਕਤੀ ਸਾਹ ਨਹੀਂ ਲੈ ਰਿਹਾ, ਤਾਂ CPR (cardiopulmonary resuscitation) ਦਿੱਤਾ ਜਾਏ, ਜੇ ਤੁਹਾਨੂੰ ਆਉਂਦਾ ਹੈ। ਜਦੋਂ ਐਮਰਜੈਂਸੀ ਤੋਂ ਰਾਹਤ ਦੇਣ ਵਾਲੇ ਵਰਕਰ ਪਹੁੰਚਣਗੇ ਉਹ ਆਪ ਸੰਭਾਲ ਲੈਣਗੇ।

**ਯਾਦ ਰੱਖੋ**: ਰਾਹਤ ਵਰਕਰਾਂ ਨੂੰ ਕੀਟਨਾਸ਼ਕਾਂ ਬਾਰੇ ਦੱਸੋ। ਯਾਦ ਰੱਖੋ ਕਿ ਹੋ ਸਕਦਾ ਹੈ ਕਿ ਸਮੱਸਿਆ ਕੀਟਨਾਸ਼ਕਾਂ ਦੀ ਨਾ ਹੋਵੇ। ਮਿਸਾਲ ਦੇ ਤੌਰ ਤੇ ਇਹ ਦਿਲ ਦਾ ਦੌਰਾ ਵੀ ਹੋ ਸਕਦਾ ਹੈ।

### ਜੇ ਕੋਈ ਵਿਅਕਤੀ ਕੀਟਨਾਸ਼ਕ ਅੰਦਰ ਲੰਘਾ ਲਏ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ ?

- ਤਾਂ **ਫੌਰਨ** ਸਹਾਇਤਾ ਲਉ। ਜੇ ਤੁਹਾਡੇ ਕੋਲ ਫੋਨ ਹੈ ਤਾਂ 911 ਤੇ ਕਾਲ ਕਰੋ ਜਾਂ ਕੈਲੀਫ਼ੋਰਨੀਆ ਦੇ ਜ਼ਹਿਰ ਤੇ ਕੰਟਰੋਲ ਕਰਨ ਵਾਲੇ ਸੈਂਟਰ (California Poison Control Center) ਦੇ ਮੁਫ਼ਤ ਕਾਲ ਨੰਬਰ 1-800-222-1222 ਤੇ ਸੰਪਰਕ ਕਰੋ।



- ਜੇ ਜ਼ਹਿਰ ਦੇ ਅਸਰ ਹੇਠ ਵਿਅਕਤੀ ਗੁੰਮ ਸੁੰਮ ਜਾਂ ਬੇਹੋਸ਼ ਹੈ ਅਤੇ ਤੁਹਾਡੇ ਕੋਲ ਫ਼ੋਨ ਨਹੀਂ ਉਨ੍ਹਾਂ ਨੂੰ **ਫੌਰਨ ਡਾਕਟਰ ਕੋਲ ਜਾਂ ਹਸਪਤਾਲ ਲੈ ਜਾਉ।** ਉਸ ਨੂੰ ਖਾਣ ਜਾਂ ਪੀਣ ਦੀ ਕੋਈ ਚੀਜ਼ ਨਾ ਦਿਉ। ਉਸ ਨੂੰ ਉਲਟੀ ਕਰਵਾਉਣ ਦੀ ਕੋਸ਼ਿਸ **ਨਾ ਕਰੋ**।
- ਜੇ ਵਿਅਕਤੀ ਹੋਸ਼ ਵਿੱਚ ਅਤੇ ਸਾਵਧਾਨ ਹੈ ਤਾਂ ਲੇਬਲ ਤੇ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰੋ। ਇਹ ਹਿਦਾਇਤਾਂ ਤੁਹਾਨੂੰ ਦੱਸਣਗੀਆਂ ਕਿ ਕਿਹੜੀ ਚੀਜ਼ ਸਹਾਇਕ ਜਾਂ ਖ਼ਤਰਨਾਕ ਹੋਏਗੀ। ਮਿਸਾਲ ਦੇ ਤੌਰ ਤੇ ਵਿਅਕਤੀ ਨੂੰ ਉਲਟੀ ਕਰਨ ਦੇਣ ਜਾਂ ਪੀਣ ਲਈ ਦੁੱਧ ਜਾਂ ਪਾਣੀ ਦੇਣਾ ਸਹਾਇਕ ਜਾਂ ਖ਼ਤਰਨਾਕ ਹੋ ਸਕਦਾ ਹੈ, ਇਹ ਕੀਟਨਾਸ਼ਕ ਤੇ ਨਿਰਭਰ ਕਰਦਾ ਹੈ। ਕਿਸੇ ਨੂੰ ਉਲਟੀ ਕਰਵਾਉਣ ਲਈ ਲੂਣ ਵਾਲਾ ਪਾਣੀ ਜਾਂ ਮਸਟਰਡ ਵੀ ਨਾ ਦਿਉ। ਕਈ ਪੁਰਾਣੇ ਲੇਬਲਾਂ ਤੇ ਇਹ ਦੇਣ ਦੀਆਂ ਸਿਫ਼ਾਰਸ਼ ਅਜੇ ਵੀ ਕੀਤੀ ਗਈ ਹੋਵੇਗੀ ਪਰ ਇਹ ਚੀਜ਼ ਸੁਰੱਖਿਅਤ ਨਹੀਂ।

## ਜੇ ਮੈਂ ਕੀਟਨਾਸ਼ਕਾਂ ਤੋਂ ਬੀਮਾਰ ਹੋ ਜਾਵਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ ?

ਜੇ ਤੁਹਾਡੇ ਕੋਲ ਕੀਟਨਾਸ਼ਕ ਦਾ ਲੇਬਲ ਹੈ ਤਾਂ ਪੜ੍ਹੋ, ਉਸ ਵਿੱਚ ਮੁੱਢਲੀ ਸਹਾਇਤਾ ਬਾਰੇ ਕੀ ਲਿਖਿਆ ਹੈ।

- ਕੰਮ ਕਰਨਾ ਬੰਦ ਕਰ ਦਿਉ ਅਤੇ ਉਸ ਜਗਹ ਤੋਂ **ਫੌਰਨ** ਬਾਹਰ ਚਲੇ ਜਾਉ। ਤੁਹਾਨੂੰ ਕੀਟਨਾਸ਼ਕਾਂ ਨਾਲ ਕੰਮ ਕਰਨਾ ਬੰਦ ਕਰਨਾ ਚਾਹੀਦਾ ਹੈ ਅਤੇ ਆਪਣੇ ਸਰੀਰ ਵਿੱਚ ਕਿਸੇ ਹੋਰ ਕੀਟਨਾਸਕ ਜਾਣ ਤੋਂ ਰੋਕਣਾ ਚਾਹੀਦਾ ਹੈ। ਇਹ ਕਿਸ ਤਰ੍ਹਾਂ ਕਰਨਾ ਹੈ ਇਸ ਬਾਰੇ ਜਾਣਨ ਲਈ ਹੇਠਾਂ ਪੜ੍ਹੋ।
- **ਸਹਾਇਤਾ ਲਉ।** ਆਪਣੇ ਕੰਮ ਵਾਲੀ ਥਾਂ ਤੇ ਕਿਸੇ ਨੂੰ ਦੱਸੋ ਕਿ ਕੀ ਵਾਪਰਿਆ ਹੈ।
- ਆਪਣੇ ਮਾਲਿਕ ਨੂੰ ਕਹੋ ਕਿ ਉਹ ਤੁਹਾਨੂੰ ਡਾਕਟਰ ਕੋਲ ਜਾਂ ਹਸਪਤਾਲ ਲੈ ਜਾਏ।
**ਆਪਣੇ ਆਪ ਨਾ ਜਾਉ।**




## ਮੇਰੇ ਸਰੀਰ ਅੰਦਰ ਕੀਟਨਾਸ਼ਕ ਕਿਵੇਂ ਦਾਖ਼ਲ ਹੋ ਸਕਦੇ ਹਨ ?

### ਇਸਦੇ ਚਾਰ ਤਰੀਕੇ ਹਨ:

1. ਸਾਹ ਰਾਹੀਂ ਧੂੜ, ਧੁੰਦ ਜਾਂ ਹਵਾੜ ਲੈਣਾ।
2. ਆਪਣੀ ਚਮੜੀ ਜਾਂ ਤਵੱਚਾ ਤੇ ਡੁੱਲ੍ਹ/ਲਗ ਜਾਣ ਨਾਲ।
3. ਆਪਣੀਆਂ ਅੱਖਾਂ ਵਿੱਚ ਪੈ ਜਾਣਾ।
4. ਕੀਟਨਾਸ਼ਕ ਦਾ ਅੰਦਰ ਲੰਘ ਜਾਣਾ।

### ਵਿਅਕਤੀ ਨੂੰ ਕੀਟਨਾਸ਼ਕਾਂ ਵਿੱਚ ਸਾਹ ਲੈਣ ਤੋਂ ਰੋਕਣ ਲਈ:

ਬੀਮਾਰ ਵਿਅਕਤੀ ਨੂੰ ਉਸ ਥਾਂ ਤੇ ਲੈ ਜਾਉ ਜਿੱਥੇ ਹਵਾ ਸਾਫ਼ ਹੋਵੇ। ਖੁਲ੍ਹੀ ਜਗਹ ਤੇ ਘੱਟੋ ਘੱਟ 100 ਫੁੱਟ ਦੂਰ ਲੈ ਜਾਉ। ਜੇ ਹਵਾ ਚਲ ਰਹੀ ਹੈ ਤਾਂ ਯਕੀਨੀ ਬਣਾਉ ਕਿ ਹਵਾ ਦਾ ਰੁੱਖ ਕੀਟਨਾਸ਼ਕਾਂ ਨੂੰ ਤੁਹਾਡੇ ਤੋਂ ਦੂਰ ਲਿਜਾ ਰਿਹਾ ਹੈ।

### ਤੁਹਾਡੀ ਚਮੜੀ ਜਾਂ ਤਵੱਚਾ ਤੇ ਕੀਟਨਾਸ਼ਕ ਡੁੱਲ੍ਹਣੇ—

ਅਕਸਰ ਕਈ ਵਾਰ ਕੀਟਨਾਸ਼ਕ ਤੁਹਾਡੀ ਚਮੜੀ ਰਾਹੀਂ ਤੁਹਾਡੇ ਸਰੀਰ ਦੇ ਅੰਦਰ ਚਲੇ ਜਾਂਦੇ ਹਨ। ਕਈ ਕੀਟਨਾਸ਼ਕ ਤੁਹਾਡੀ ਤਵੱਚਾ ਰਾਹੀਂ ਬੜੀ ਤੇਜ਼ੀ ਨਾਲ ਅੰਦਰ ਚਲੇ ਜਾਂਦੇ ਹਨ। ਕਈ ਹੌਲੀ ਹੌਲੀ ਅੰਦਰ ਜਾਂਦੇ ਹਨ। ਬਹੁਤੇ ਕੀਟਨਾਸ਼ਕ ਤੁਹਾਡੇ ਕਪੜਿਆਂ ਰਾਹੀਂ ਚਲੇ ਜਾਂਦੇ ਹਨ, ਭਾਵੇਂ ਉਹ ਵਾਟਰਪਰੂਫ਼ ਹੋਣ। ਤੁਹਾਡੀ ਚਮੜੀ ਜਾਂ ਕਪੜਿਆਂ ਤੇ ਜੇ ਕੋਈ ਕੀਟਨਾਸ਼ਕ ਹੈ ਤਾਂ ਉਸ ਤੋਂ ਛੁਟਕਾਰਾ ਪਾਣਾ ਬਹੁਤ ਅਹਿਮ ਹੈ।

### ਆਪਣੀ ਚਮੜੀ ਤੋਂ ਕੀਟਨਾਸ਼ਕਾਂ ਨੂੰ ਸਾਫ਼ ਕਰਨਾ:

- ਜਿਨ੍ਹਾਂ ਕਪੜਿਆਂ ਤੇ ਕੀਟਨਾਸ਼ਕ ਡੁਲ੍ਹਿਆ ਹੈ, ਉਹ ਸਾਰੇ ਕਪੜੇ ਲਾਹ ਦਿਉ।
- ਸਾਬਣ ਲਾਕੇ ਸ਼ਾਵਰ ਹੇਠਾਂ ਨਹਾਉ ਅਤੇ ਆਪਣੇ ਨਹੁੰਆਂ ਨੂੰ ਸਾਫ਼ ਕਰੋ। ਜੇ ਤੁਹਾਡੇ ਕੋਲ ਸਾਬਣ ਜਾਂ ਸ਼ਾਵਰ ਨਹੀਂ, ਤਾਂ ਕੋਈ ਵੀ ਸਾਫ਼ ਪਾਣੀ ਵਰਤੋ।
- ਆਪਣੇ ਵਾਲ ਧੋਵੋ।



- ਸਿਰਫ਼ ਸਾਫ਼ ਕਪੜੇ ਪਾਉ। ਜਿਨ੍ਹਾਂ ਤੇ ਕੀਟਨਾਸ਼ਕ ਡੁੱਲ੍ਹਾ ਹੈ, ਉਨ੍ਹਾਂ ਨੂੰ ਮੁੜ ਕੇ ਨਾ ਪਾਉ। ਜੇ ਉਹ ਕਪੜੇ ਫਿਰ ਪਾ ਲੈਂਦੇ ਹੋ, ਤਾਂ ਹੋਰ ਕੀਟਨਾਸ਼ਕ ਤੁਹਾਡੇ ਸਰੀਰ ਅੰਦਰ ਚਲੇ ਜਾਣਗੇ।

ਜਿਨ੍ਹਾਂ ਕਪੜਿਆਂ ਤੇ ਕੀਟਨਾਸ਼ਕ ਪਿਆ ਹੋਇਆ ਹੈ, ਉਨ੍ਹਾਂ ਨੂੰ ਮੁੜ ਪਾਣ ਤੋਂ ਪਹਿਲਾਂ ਪੂਰੀ ਤਰ੍ਹਾਂ ਵੱਖਰਿਆਂ ਸਾਫ਼ ਕਰਨਾ ਯਾਦ ਰੱਖੋ। ਸੁਰੱਖਿਅਤ ਤਰੀਕੇ ਨਾਲ ਇਹ ਕਪੜੇ ਕਿਸ ਤਰ੍ਹਾਂ ਧੋਣੇ ਹਨ, ਇਸ ਬਾਰੇ ਜਾਣਨ ਲਈ ਆਪਣੇ ਮਾਲਿਕ ਨੂੰ ਇਕ A-7 ਸੁਰੱਖਿਆ ਲੀਫ਼ਲੈਟ (ਪਰਚੇ) ਦੀ ਕਾਪੀ ਲਈ ਕਹੋ।




### ਆਪਣੀਆਂ ਅੱਖਾਂ ਵਿੱਚੋਂ ਕੀਟਨਾਸ਼ਕਾਂ ਨੂੰ ਕੱਢਣਾ:

- ਅੱਖਾਂ ਨੂੰ ਬਹੁਤ ਸਾਰੇ ਪਾਣੀ ਨਾਲ ਸਾਫ਼ ਕਰੋ। ਘੱਟੋ ਘੱਟ 15 ਮਿੰਟ ਲਈ ਪਾਣੀ ਨਾਲ ਸਾਫ਼ ਕਰਦੇ ਰਹੋ। ਸ਼ਾਵਰ ਹੇਠਾਂ ਧੋਣਾ ਠੀਕ ਹੈ, ਪਰ ਇਕ ਤੇਜ਼ ਫੁਹਾਰ ਤੋਂ **ਬਚੋ।**
- ਨਹੀਂ ਤਾਂ ਆਪਣੀਆਂ ਅੱਖਾਂ ਤੇ ਪਾਣੀ ਪਾਉ ਜਾਂ ਟੂਟੀ ਤੋਂ ਘੱਟ ਫੁਹਾਰ ਵਹਾਅ ਵਾਲੇ ਪਾਣੀ ਦੇ ਛੱਟੇ ਮਾਰੋ।
- ਅੱਖਾਂ ਧੋਂਦਿਆਂ, ਉਨ੍ਹਾਂ ਨੂੰ ਝਪਕੋ।
- ਕਿਸੇ ਦੀਆਂ ਅੱਖਾਂ ਜ਼ਬਰਦਸਤੀ **ਕਦੀ ਨਾ** ਖੋਲੋ।

## ਮੈਨੂੰ ਡਾਕਟਰ ਨੂੰ ਕਿਸੇ ਚੀਜ਼ ਬਾਰੇ ਕੀ ਦੱਸਣ ਦੀ ਜ਼ਰੂਰਤ ਹੈ ?

ਡਾਕਟਰ ਜਾਂ ਨਰਸ ਨੂੰ ਇਹ ਬਿਲਕੁਲ ਠੀਕ ਤਰ੍ਹਾਂ ਦੱਸਣ ਲਈ ਤਿਆਰ ਰਹੋ ਕਿ ਕੀਟਨਾਸ਼ਕ ਨਾਲ ਕੋਈ ਕਿਸ ਤਰ੍ਹਾਂ ਬੀਮਾਰ ਹੋਇਆ ਹੈ। ਡਾਕਟਰ ਜਾਂ ਨਰਸ ਨੂੰ ਪਹਿਲਾਂ ਹੀ ਦੱਸੋ ਕਿ ਉਹ ਵਿਅਕਤੀ ਸ਼ਾਇਦ ਕੀਟਨਾਸ਼ਕਾਂ ਤੋਂ ਬੀਮਾਰ ਹੋਇਆ ਹੈ, ਤਾਂ ਜੋ ਉਹ ਆਪਣੀ ਸੁਰੱਖਿਆ ਕਰ ਸਕਣ। ਜੇ ਤੁਸੀਂ ਜਾਣਦੇ ਹੋਵੇ, ਤਾਂ ਬੀਮਾਰ ਵਿਅਕਤੀ ਦੀ ਉਮਰ ਡਾਕਟਰ ਨੂੰ ਦੱਸੋ ਅਤੇ ਇਹ ਵੀ ਦੱਸੋ ਕਿ ਉਸ ਤੇ ਇਹ ਅਸਰ ਪਾਣ ਵਾਲਾ ਕੀਟਨਾਸ਼ਕ ਕਿਹੜਾ ਸੀ। ਕੀਟਨਾਸ਼ਕ ਬਾਰੇ ਸਾਰੀ ਜਾਣਕਾਰੀ ਲੈਕੇ ਆਉ. ਲੇਬਲ ਜਾਂ ਲੇਬਰ ਤੋਂ ਕੀਟਨਾਸ਼ਕ ਦਾ ਨਾਂਅ, ਉਸ ਦੇ ਸਰਗਰਮ ਤੱਤ ਅਤੇ ਈ ਪੀ ਏ (EPA) ਰਜਿਸਟਰੇਸ਼ਨ ਨੰਬਰ ਨਾਲ ਲਿਆਉ ਤਾਂ ਜੋ ਡਾਕਟਰ ਸਭ ਕੁਝ ਵੇਖ ਸਕੇ। ਜੇ ਤੁਸੀਂ ਇਹ ਨਹੀਂ ਕਰ ਸਕਦੇ ਜਾਂ ਹੋਰ ਕੋਈ ਚਾਰਾ ਨਹੀਂ, ਤਾਂ ਕੀਟਨਾਸ਼ਕ ਦੇ ਖਾਲੀ ਕੰਟੇਨਰ ਨੂੰ ਲੈ ਆਉ (ਜਿਸ ਤੇ ਉਸਦਾ ਲੇਬਲ ਅੱਜੇ ਵੀ ਲਗਾ ਹੋਵੇ) ਜਾਂ ਇਕ ਅਣਵਰਤਿਆ ਨਵਾਂ ਸੀਲਬੰਦ ਕੰਟੇਨਰ ਨਾਲ ਲੈਕੇ ਆਉ।

ਜੇ ਕੰਮ ਤੇ ਕੋਈ ਬੀਮਾਰ ਜਾਂ ਜ਼ਖ਼ਮੀ ਹੁੰਦਾ ਹੈ, ਤਾਂ ਹਮੇਸ਼ਾਂ ਆਪਣੇ ਮਾਲਿਕ ਨੂੰ ਦੱਸੋ।




*ਜੇ ਤੁਹਾਨੂੰ ਉਹ ਸਾਰੀ ਜਾਣਕਾਰੀ ਜੋ ਤੁਹਾਨੂੰ ਟਰੇਨਿੰਗ ਵਿੱਚ ਚਾਹੀਦੀ ਹੈ, ਨਹੀਂ ਮਿਲਦੀ ਤਾਂ ਤੁਹਾਨੂੰ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਜਾਂ ਕੀਟਨਾਸ਼ਕਾਂ ਦੇ ਨਿਯਮਾਂ ਬਾਰੇ ਵਿਭਾਗ (DPR) ਨੂੰ ਫੋਨ ਕਰਨਾ ਚਾਹੀਦਾ ਹੈ। ਤੁਸੀਂ ਕਮਿਸ਼ਨਰ ਦਾ ਨੰਬਰ ਆਪਣੀ ਚਿੱਟੇ ਪੰਨਿਆ ਵਾਲੀ ਸਥਾਨਕ ਡਾਇਰੈਕਟਰੀ 1-87PestLine ਤੋਂ ਲੈ ਸਕਦੇ ਹੋ ਜਾਂ*

**http://www.cdfa.ca.gov/exec/county/countymap/**

**DPR ਦੇ ਖੇਤਰੀ ਦਫ਼ਤਰ ਹਨ:**

- ਨਾਰਦਰਨ (ਵੈਸਟ ਸੈਕਰਾਮੈਂਟੋ) 916/376-8960
- ਸੈਂਟਰਲ (ਫ੍ਰੈਸਨੋ) 559/297-3511
- ਸਦਰਨ (ਐਨਾਹਾਈਮ) 714/279-7690

**ਕੀਟਨਾਸ਼ਕ ਬਾਰੇ ਸ਼ਿਕਾਇਤ ?**

**1-87PestLine**

**ਜਾਣਕਾਰੀ ਲਾਈਨ**

**1-877-378-5463**